

# ਸੰਪਾਦਕ ਦੀ ਕਲਮ ਤੋਂ

## ਆਜ਼ਾਦੀ ਤੇ ਸਿੱਖ

15 ਅਗਸਤ, 1947 ਇਤਿਹਾਸ ਦਾ ਇੱਕ ਅਹਿਮ ਮੋੜ ਹੈ। ਸਦੀਆਂ ਦੀ ਗੁਲਾਮੀ ਤੋਂ ਬਾਅਦ ਭਾਰਤ ਨੇ ਅਜ਼ਾਦੀ ਦੀ ਫਿਜ਼ਾ ਵਿੱਚ ਸਾਹ ਲਿਆ। ਭਾਰਤਵਾਸੀ ਵੀ ਵਧਾਈਆਂ ਲੈਣ ਅਤੇ ਵੰਡਣ ਦੇ ਹੱਕਦਾਰ ਹੋ ਗਏ। ਇਸ ਦਿਨ ਭਾਰਤ ਨੇ ਤਾਂ ਫਿਰੰਗੀਆਂ, ਮੁਗਲਾਂ, ਦੁੱਰਾਨੀਆਂ ਆਦਿ ਦੀ ਲੰਮੀ ਲੜੀ ਦੀ ਗੁਲਾਮੀ ਤੋਂ ਨਿਜਾਤ ਪਾਈ ਅਤੇ ਦੂਸਰੇ ਪਾਸੇ ਸੌ ਸਾਲ ਤੋਂ ਵੀ ਘੱਟ ਸਮੇਂ ਪੰਜਾਬ ਵਿੱਚ ਅੰਗਰੇਜ਼ੀ ਰਾਜ ਦੇ ਖ਼ਾਤਮੇ ਤੇ ਆਜ਼ਾਦੀ ਹਾਸਿਲ ਕੀਤੀ। ਸੰਗੀਤਮਈ ਧੁਨ ਤੇ ਭਾਵੇਂ ਇਹ ਵਾਰ-ਵਾਰ ਗਾਇਆ ਅਤੇ ਦੁਹਰਾਇਆ ਜਾਏ ਕਿ 'ਦੇ ਦੀ ਹਮੇਂ ਆਜ਼ਾਦੀ ਬਿਨਾ ਖੜਗ ਬਿਨਾ ਢਾਲ' ਪਰ ਸਿੱਧਾ ਪੱਧਰਾ ਸੱਚ ਤਾਂ ਇਹ ਹੈ ਕਿ ਹਜ਼ਾਰਾਂ ਸੂਰਮਿਆਂ, ਗਦਰੀ ਬਾਬਿਆਂ, ਨਾਮਧਾਰੀ ਸੂਰਮਿਆਂ, ਗੁਰਦੁਆਰਾ ਲਹਿਰ ਦੇ ਸਹੀਦਾਂ, ਆਜ਼ਾਦ ਹਿੰਦ ਫ਼ੌਜ ਅਤੇ ਸਾਰੇ ਸੰਸਾਰ ਭਰ ਵਿੱਚ ਫੁੱਟੀਆਂ ਕ੍ਰਾਂਤੀ ਦੀਆਂ ਚਿਨਗਾਰੀਆਂ ਨੇ ਅਜ਼ਾਦੀ ਦੇ ਇਸ ਸੁਪਨੇ ਨੂੰ ਸਾਕਾਰ ਕੀਤਾ। ਇਸ ਦੇ ਨਾਲ ਹੀ ਵੱਡੀ ਆਲਮੀ ਜੰਗ ਨੇ ਵੀ ਅੰਗਰੇਜ਼ਾਂ ਨੂੰ ਛੇਤੀ ਭਾਰਤ ਛੱਡਣ 'ਤੇ ਮਜ਼ਬੂਰ ਕੀਤਾ। ਕਲਕੱਤੇ ਰਾਹੀਂ ਅੰਗਰੇਜ਼ ਭਾਰਤ ਵਿੱਚ ਸਤਾਰ੍ਹਵੀਂ ਸਦੀ ਦੇ ਆਰੰਭ ਵਿੱਚ ਦਾਖ਼ਲ ਹੋਏ ਅਤੇ ਹੌਲੀ-ਹੌਲੀ ਸਾਰੇ ਭਾਰਤ ਨੂੰ ਆਪਣੇ ਅਧੀਨ ਕਰ ਲਿਆ। ਪਰ ਪੰਜਾਬ ਵਿੱਚ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਹੋਣ ਕਰਕੇ ਉਨ੍ਹਾਂ ਦੇ ਕਦਮ ਰੁਕ ਗਏ ਤੇ ਸਤਲੁਜ ਨੂੰ ਹਿੰਦ-ਪੰਜਾਬ ਦੀ ਹੱਦ ਮਿੱਥਿਆ ਗਿਆ। ਤਾਹੀਓਂ ਕਿਸੇ ਨੇ ਸ਼ੇਰੇ ਪੰਜਾਬ ਬਾਰੇ ਮਜ਼ਾਕ ਵਿੱਚ ਕਿਹਾ, "Shere Punjab except Ludhiana and Ferozepur" (ਸ਼ੇਰੇ ਪੰਜਾਬ ਸਿਵਾਇ ਲੁਧਿਆਣਾ ਅਤੇ ਫ਼ਿਰੋਜ਼ਪੁਰ ਦੇ)।1839 ਵਿੱਚ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਨਾਲ ਸਿੱਖ ਰਾਜ ਦੇ ਅੰਤ ਦੀ ਸ਼ੁਰੂਆਤ ਹੋਈ। ਕੇਵਲ ਦਸ ਸਾਲ ਦੇ ਸਮੇਂ ਵਿੱਚ ਹੀ ਪੰਜਾਬ ਪੂਰੀ ਤਰ੍ਹਾਂ ਬਰਬਾਦ ਹੋ ਗਿਆ ਅਤੇ 1849 ਵਿੱਚ 'ਸ਼ਾਹੀ ਕਿਲ੍ਹੇ' ਲਾਹੌਰ ਤੇ ਅਕਾਲੀ ਪਰਚਮ ਦੀ ਥਾਂ ਲਾਲ-ਨੀਲੀਆਂ ਫੱਟੀਆਂ ਵਾਲਾ ਯੂਨੀਅਨ ਜੈਕ ਝੂਲ ਗਿਆ। ਅਜ਼ਾਦ ਪੰਜਾਬ ਨੂੰ ਫ਼ਿਰੰਗੀਆਂ ਦੇ ਅਧੀਨ ਪ੍ਰਧਾਨ ਭਾਰਤ ਨੇ ਧਿਆਨ ਸਿੰਘ, ਲਾਲ ਸਿੰਘ ਆਦਿ ਦੀ ਗੱਦਾਰੀ ਰਾਹੀਂ ਗੁਲਾਮ ਬਣਾਇਆ। ਇਸ ਨੂੰ ਸਿੱਖ ਰਾਜ ਦੇ ਰਾਸ਼ਟਰੀ ਕਵੀ ਸ਼ਾਹ ਮੁਹੰਮਦ ਨੇ 'ਜੰਗ ਹਿੰਦ ਪੰਜਾਬ' ਦਾ ਲਿਖ ਕੇ ਯਾਦ ਕੀਤਾ। ਇਸ ਤਰ੍ਹਾਂ ਅੱਧੀ ਦੁਨੀਆ ਤੇ ਰਾਜ ਕਰਨ ਵਾਲੇ ਫਿਰੰਗੀਆਂ ਦਾ ਪੂਰਾ-ਪੂਰਾ ਕਬਜ਼ਾ ਪੂਰੇ ਹਿੰਦੁਸਤਾਨ 'ਤੇ ਹੋ ਗਿਆ। ਪੰਜਾਬ ਸਭ ਤੋਂ ਅਖ਼ੀਰਲਾ ਸੂਬਾ ਸੀ, ਜੋ ਅੰਗਰੇਜ਼ਾਂ ਦੇ ਅਧੀਨ ਹੋਇਆ ਪਰ ਅਜ਼ਾਦੀ ਦੀ ਜੰਗ ਸਭ ਤੋਂ ਪਹਿਲਾਂ ਪੰਜਾਬ ਵਿੱਚ ਹੀ ਆਰੰਭ ਹੋਈ। ਭਾਰਤ ਦੀ ਰਾਜਨੀਤੀ ਦੇ ਕਰਣਧਾਰਾਂ ਨੇ ਆਜ਼ਾਦ ਅਤੇ ਅਖੰਡ ਹਿੰਦੁਸਤਾਨ ਦੀਆਂ ਸੌਂਹਾਂ ਚੁੱਕੀਆਂ ਪਰ ਸਿਰੇ 'ਤੇ ਆ ਕੇ 'ਰਾਜਾ-ਗਾਂਧੀ ਫਾਰਮੂਲਾ' ਦੇ ਕੇ ਭਾਰਤ ਨੂੰ 'ਹਿੰਦੂ ਇੰਡਿਆ' ਤੇ 'ਮੁਸਲਿਮ ਇੰਡੀਆ' ਵਿੱਚ ਵੰਡਣਾ ਪ੍ਰਵਾਨ ਕਰਕੇ ਮੁਸਲਿਮ ਲੀਗ ਅੱਗੇ ਗੋਡੇ ਟੇਕ ਦਿੱਤੇ।

ਧਰਮ ਅਧਾਰਿਤ ਇਸ ਵੰਡ ਨੇ ਕਾਂਗਰਸ ਅਤੇ ਮੁਸਲਿਮ ਲੀਗ ਦੇ ਨੇਤਾਵਾਂ ਨੂੰ ਰਾਜ-ਭਾਗ ਤਾਂ ਭਾਵੇਂ ਯਕੀਨੀ ਬਣਾਈਆਂ ਪਰ ਸਿੱਖ ਕੌਮ ਲਈ ਇਤਿਹਾਸ ਵਿੱਚ ਸਭ ਤੋਂ ਭਿਆਨਕ ਅਤੇ ਅੰਧਕਾਰਮਈ ਭਵਿੱਖ ਨਿਯਤ ਕੀਤਾ। ਇਸ ਵੰਡ ਨੇ ਸਿੱਖ ਕੌਮ ਦੇ ਦੋ ਟੋਟੇ ਕਰਕੇ ਅੱਧੇ ਤੋਂ ਵੱਧ ਪਾਕਿਸਤਾਨ ਵਿੱਚ ਅਤੇ ਬਾਕੀ ਹਿੰਦੁਸਤਾਨ ਵਿੱਚ ਹੋ ਜਾਣੇ ਸਨ। ਦੋ ਟੁਕੜਿਆਂ ਵਿੱਚ ਵੰਡੀ ਹੋਈ ਕੌਮ ਦਾ ਭਵਿੱਖ ਪੂਰੀ ਤਰ੍ਹਾਂ ਅੰਧਕਾਰਮਈ ਸੀ। ਸਿੱਖ ਲੀਡਰਸ਼ਿਪ ਜਿਸ ਦੀ ਅਗਵਾਈ ਮਾਸਟਰ ਤਾਰਾ ਸਿੰਘ ਕਰ ਰਹੇ ਸਨ, ਉਨ੍ਹਾਂ ਨੂੰ ਇਹ ਕਦਾਚਿਤ ਪ੍ਰਵਾਨ ਨਹੀਂ ਸੀ। ਉਨ੍ਹਾਂ ਨੇ ਇਹ ਮੰਗ ਰੱਖੀ ਕਿ ਜੇ ਹਿੰਦੁਸਤਾਨ ਦਾ ਬਟਵਾਰਾ ਹੋਣਾ ਹੈ ਤਾਂ ਪੰਜਾਬ ਦੀ ਵੰਡ ਵੀ ਕੀਤੀ ਜਾਏ, ਤਾਂ ਕਿ ਸਿੱਖ ਇਕ ਖਿੱਤੇ ਵਿੱਚ ਆ ਜਾਣ। ਮੁਸਲਿਮ ਲੀਗ ਨੂੰ ਇਹ ਪਲੈਨ ਪਾਕਿਸਤਾਨ ਨੂੰ ਲੰਗੜਾ ਕਰਨ ਦਾ ਜਾਪਿਆ ਅਤੇ ਉਨ੍ਹਾਂ ਨੇ ਇਸ ਦੀ ਖੂਨੀ ਵਿਰੋਧਤਾ ਕੀਤੀ। ਪੰਜਾਬ ਵਿੱਚੋਂ ਖਿਜਰ ਹਯਾਤ ਦੀ ਯੂਨੀਅਨਿਸਟ ਵਜ਼ਾਰਤ ਸੀ ਪਰ ਚੋਣਾਂ ਵਿੱਚ ਮੁਸਲਿਮ ਲੀਗ ਦੀ ਬਹੁਗਿਣਤੀ ਜਿੱਤ ਗਈ। ਹੁਣ ਮੁਸਲਿਮ ਲੀਗ ਦੀ ਵਜ਼ਾਰਤ ਯਕੀਨੀ ਸੀ। ਇਸ ਸਮੇਂ ਮੁਸਲਿਮ ਲੀਗ ਦੇ ਹਜੂਮ ਦੇ ਸਾਹਮਣੇ ਮਾਸਟਰ ਤਾਰਾ ਸਿੰਘ ਨੇ ਇੱਕ ਨਾਅਰਾ ਲਗਾਇਆ 'ਪਾਕਿਸਤਾਨ ਮੁਰਦਾਬਾਦ' ਜਿਸ ਨੇ ਮਾਹੌਲ ਇਤਨਾ ਭਖਵਾਂ ਬਣਾ ਦਿੱਤਾ ਕੀ ਗਵਰਨਰ ਨੇ ਮੁਸਲਿਮ ਲੀਗ ਦੀ ਵਜ਼ਾਰਤ ਨੂੰ ਸਹੁੰ ਚੁਕਾਉਣ ਦੀ ਬਜਾਏ ਪੰਜਾਬ ਵਿੱਚ ਗਵਰਨਰ ਰਾਜ ਲਾਗੂ ਕਰ ਦਿੱਤਾ

*ਅਤੇ ਇਹ ਐਲਾਨ ਕਰ ਦਿੱਤਾ ਗਿਆ ਕਿ ਪੰਜਾਬ ਦਾ ਵੀ ਬਟਵਾਰਾ ਹੋਵੇਗਾ। ਇਸ ਤਰ੍ਹਾਂ ਪੰਜਾਬ ਦਾ ਕਰਨਾਲ ਤੱਕ ਦਾ ਇਲਾਕਾ ਅਤੇ ਪੱਛਮੀ ਬੰਗਾਲ ਦਾ ਅੱਧੇ ਤੋਂ ਵੱਧ ਇਲਾਕਾ ਜੋ ਪਾਕਿਸਤਾਨ ਦਾ ਹਿੱਸਾ ਬਣਨਾ ਸੀ, ਉਹ ਨਾ ਬਣ ਸਕਿਆ। ਇਹ ਸਿੱਖਾਂ ਦੀ ਭਾਰਤ ਨੂੰ ਦੇਣ ਹੈ। ਪਰ ਇਤਿਹਾਸ ਦੇ ਇਸ ਅਹਿਮ ਵੇਰਵੇ ਨੂੰ ਨਾ ਹੀ ਕਦੀ ਯਾਦ ਕੀਤਾ ਗਿਆ ਤੇ ਨਾ ਹੀ ਦੱਸਿਆ ਗਿਆ ਤੇ ਨਾ ਹੀ ਭਵਿੱਖ ਵਿੱਚ ਕੋਈ ਆਸ ਕੀਤੀ ਜਾ ਸਕਦੀ ਹੈ।*

*ਇਸ ਸਾਰੇ ਉਪਰੋਕਤ ਵੇਰਵੇ ਵਿੱਚ ਇੱਕ ਗੱਲ ਬੜੀ ਉਭਰ ਕੇ ਸਾਹਮਣੇ ਆਉਂਦੀ ਹੈ ਕਿ ਸਿੱਖ ਸੋਚ ਤੇ ਭਾਰਤ ਦੀ ਰਾਸ਼ਟਰੀ ਸੋਚ ਵਿੱਚ ਕਿਉਂ ਅੰਤਰ ਹੈ। ਕਿਉਂ ਨਹੀਂ ਦਿੱਲੀ-ਅੰਮ੍ਰਿਤਸਰ ਦੀਆਂ ਭਾਵਨਾਵਾਂ ਨੂੰ ਸਮਝਦੀ।*

*ਇਹ ਕੋਈ ਪਹਿਲੀ ਵਾਰ ਨਹੀਂ ਹੋਇਆ। ਅਬਦਾਲੀ ਦੇ ਹਮਲੇ ਵੇਲੇ ਦਿੱਲੀ ਸਰਕਾਰ ਨੇ ਉਸ ਅੱਗੇ ਗੋਡੇ ਟੇਕ ਦਿੱਤੇ ਅਤੇ ਪੰਜਾਬ ਅਫ਼ਗਾਨਿਸਤਾਨ ਦਾ ਹਿੱਸਾ ਬਣਨੋਂ ਰਹਿ ਗਿਆ। ਪਰ ਸਿੱਖਾਂ ਨੇ ਇਸ ਤਿਕੋਨੀ ਲੜਾਈ ਵਿੱਚ ਪੰਜਾਬ ਨੂੰ ਅਫ਼ਗਾਨਿਸਤਾਨ ਦਾ ਹਿੱਸਾ ਨਹੀਂ ਬਣਨ ਦਿੱਤਾ। ਇਸ ਤੋਂ ਬਾਅਦ 1849 ਵਿੱਚ ਪੰਜਾਬ ਆਜ਼ਾਦ ਸੀ ਪਰ ਅੰਗਰੇਜ਼ਾਂ ਨੇ ਬਾਕੀ ਹਿੰਦੁਸਤਾਨੀਆਂ ਦੀ ਮਦਦ ਲੈ ਕੇ ਪੰਜਾਬ ਨੂੰ ਗੁਲਾਮ ਬਣਾਇਆ। ਫਿਰ 1857 ਵਿੱਚ ਮੁੜ ਦਿੱਲੀ ਵਿੱਚ ਮੁਗ਼ਲ ਰਾਜ, ਜਿਸ ਦਾ ਸਿੱਖਾਂ ਨੂੰ ਕੌੜਾ ਤਜ਼ਰਬਾ ਸੀ, ਉਸ ਨੂੰ ਸਥਾਪਤ ਕਰਨ ਦੀ ਗੱਲ ਸੀ। ਇਥੇ ਵੀ ਸਿੱਖ ਸੋਚ ਵੱਖ ਸੀ। ਇਤਿਹਾਸ ਨੂੰ ਮੁੜ ਦੁਹਰਾਉਂਦਿਆਂ 1942 ਵਿੱਚ ਰਾਸ਼ਟਰੀ ਲੀਡਰਸ਼ਿਪ ਨੇ ਫ਼ੌਜ ਦੇ ਬਾਈਕਾਟ ਦਾ ਸੱਦਾ ਦਿੱਤਾ। ਪੰਥਕ ਲੀਡਰਸ਼ਿਪ ਦੀ ਸੋਚ ਉਸ ਵੇਲੇ ਸਪੱਸ਼ਟ ਸੀ ਕਿ ਆਉਣ ਵਾਲੇ ਸਮੇਂ ਵਿੱਚ ਭਾਰਤ ਤੇ ਭਾਰਤਵਾਸੀਆਂ ਦੇ ਭਵਿੱਖ ਦਾ ਦਾਰੋ-ਮਦਾਰ ਫ਼ੌਜ ਦੇ ਉੱਤੇ ਹੀ ਹੋਵੇਗਾ। ਇੱਕ ਪਾਸੇ ਮੁਸਲਿਮ ਲੀਗ ਨੇ ਫੌਜ ਵਿੱਚ ਭਰਤੀ ਦਾ ਖੁੱਲ੍ਹਾ ਐਲਾਨ ਕੀਤਾ ਸੀ ਤੇ ਦੂਸਰੇ ਪਾਸੇ ਕਾਂਗਰਸ ਨੇ ਫ਼ੌਜ ਵਿੱਚ ਭਰਤੀ ਦੇ ਬਾਈਕਾਟ ਦਾ ਸੱਦਾ ਦਿੱਤਾ ਸੀ। ਹੁਣ ਇਹ ਸਹਿਜੇ ਹੀ ਮਾਨਿਆ ਜਾ ਸਕਦਾ ਹੈ ਕਿ ਆਜ਼ਾਦੀ ਤੋਂ ਤੁਰੰਤ ਬਾਅਦ ਪਾਕਿਸਤਾਨੀ ਹਮਲੇ ਸਮੇਂ ਸਿੱਖ ਲੀਡਰਸ਼ਿਪ ਦੇ ਫ਼ੌਜ ਵਿੱਚ ਭਰਤੀ ਹੋਣ ਦੇ ਸੱਦੇ ਸਦਕਾ ਸਿੱਖ ਫ਼ੌਜ ਸੀ, ਜਿਸ ਨੇ ਭਾਰਤ ਦੀ ਰੱਖਿਆ ਕੀਤੀ। ਇਹੀ ਗੱਲ 1965 ਤੇ ਫਿਰ 1971 ਵਿੱਚ ਸਹੀ ਸਾਬਿਤ ਹੋਈ।*

*ਫਿਰ 1965 ਵਿੱਚ ਵੀ ਹੁਣ ਇਹ ਸਰਬਵਿੱਦਤ ਹੈ ਕਿ ਭਾਰਤ-ਪਾਕਿ ਜੰਗ ਸਮੇਂ ਭਾਰਤੀ ਸੈਨਾ ਦੇ ਮੁੱਖੀ ਦੇ ਭਾਰਤੀ ਫ਼ੌਜ ਨੂੰ ਬਿਆਸ ਦੇ ਪੂਰਬੀ ਹਿੱਸੇ ਦੇ ਪਿੱਛੇ ਲੈ ਆਉਣ ਦੇ ਫ਼ੈਸਲੇ ਦੇ ਵਿਰੁੱਧ ਉਸ ਸਮੇਂ ਦੇ ਪੱਛਮੀ ਕਮਾਨ ਦੇ ਮੁਖੀ ਜਨਰਲ ਹਰਬਖ਼ਸ਼ ਸਿੰਘ ਸਦਕਾ ਭਾਰਤ ਇੱਕ ਬਹੁਤ ਵੱਡੀ ਤਬਾਹੀ ਤੋਂ ਬਚਿਆ।*

*ਕਹਿਣ ਦੀ ਜ਼ਰੂਰਤ ਨਹੀਂ ਕਿ 1984 ਵਿੱਚ ਵੀ ਦਿੱਲੀ ਅਤੇ ਅੰਮ੍ਰਿਤਸਰ ਦੀ ਸੋਚ ਵਿੱਚ ਕਿੰਨਾ ਫ਼ਰਕ ਸੀ ਜੋ ਅਜੇ ਤੱਕ ਪੂਰਿਆ ਨਹੀਂ ਜਾ ਸਕਿਆ।*

*1975 ਵਿੱਚ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੀ ਤੀਸਰੀ ਸ਼ਤਾਬਦੀ ਦੇ ਦੌਰਾਨ ਇਹ ਬਹੁਤ ਵੱਡੀ ਰੈਲੀ ਨੂੰ ਮੁਖਾਤਿਬ ਕਰਦੀਆ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਨੇ ਕਿਹਾ ਸੀ ਕਿ ਇੰਨੀ ਵੱਡੀ ਗਿਣਤੀ ਹੈ ਤੇ ਮੈਨੂੰ ਅਫ਼ਸੋਸ ਹੈ ਕਿ ਮੈਂ ਆਪਣੀ ਦੂਰਬੀਨ ਕਿਉਂ ਨਹੀਂ ਲਿਆਈ। ਉਸ ਸਮੇਂ ਸਟੇਜ 'ਤੇ ਮੌਜੂਦ ਪ੍ਰਿੰਸੀਪਲ ਸਤਬੀਰ ਸਿੰਘ ਨੇ ਟਿੱਪਣੀ ਕੀਤੀ, !ਸਾਡੀ ਬਦਕਿਸਮਤੀ ਹੈ ਕਿ ਜਿਹੜਾ ਵੀ ਹਾਕਮ ਸਾਨੂੰ ਦੇਖਦਾ ਹੈ ਉਹ ਦੂਰਬੀਨ ਨਾਲ ਹੀ ਦੇਖਦਾ ਹੈ। ਕਿਸੇ ਨੇ ਵੀ ਸਾਨੂੰ ਨਜ਼ਦੀਕ ਹੋ ਕੇ ਦੇਖਣ ਦੀ ਕੋਸ਼ਿਸ਼ ਨਹੀਂ ਕੀਤੀ।*

*ਆਜ਼ਾਦੀ ਦੇ ਸਫ਼ਰ ਨੇ ਸਾਨੂੰ ਹੁਣ ਨਵੀਂ ਸਦੀ ਵਿੱਚ ਲੈ ਆਂਦਾ ਹੈ। ਕਿ ਹੁਣ ਆਸ ਕੀਤੀ ਜਾਏ ਕਿ ਘੱਟੋ-ਘੱਟ ਹੁਣ ਤਾਂ ਸਾਨੂੰ ਸਹੀ ਤੌਰ 'ਤੇ ਸਮਝਣ ਤੇ ਪਛਾਨਣ ਦੀ ਕੋਸ਼ਿਸ਼ ਕੀਤੀ ਜਾਏਗੀ ?*



# ਟਿੱਪਣੀਆਂ—




'ਪ੍ਰੌਬਾਸ'



ਸੁਚਿਤਰਾ ਭੱਟਾਚਾਰੀਆ

ਪ੍ਰੌਬਾਸ—ਸਾਰੇ ਪੰਜਾਬ ਤੇ ਖ਼ਾਸ ਕਰਕੇ ਸਿੱਖ ਕੌਮ ਦੇ ਉੱਤੇ ਸਰਕਾਰੀ ਦਮਨ ਚੱਕਰ ਪਿਛਲੇ 30 ਸਾਲਾਂ ਵਿੱਚ ਚੱਲਿਆ। ਉਸ ਨਾਲ ਸਿੱਖ ਤੇ ਸਿੱਖ ਮਾਨਸਿਕਤਾ ਉੱਤੇ ਡੂੰਘਾ ਅਸਰ ਪਿਆ। ਪਰ ਇਸ ਦੇ ਬਾਵਜੂਦ ਇਸ ਸਾਰੇ ਵਰਤਾਰੇ ਨੂੰ ਕਲਮਬੰਦ ਕਰਨ ਵਿੱਚ ਪੰਜਾਬ ਦੇ ਇਤਿਹਾਸਕਾਰਾਂ ਨੇ ਕੋਈ ਬਹੁਤੀ ਦਿਲਚਸਪਤੀ ਨਹੀਂ ਦਿਖਾਈ। ਪਰ ਹੈਰਾਨੀ ਭਰੀ ਤਸੱਲੀ ਹੈ ਕਿ ਪੰਜਾਬ ਤੋਂ ਦੂਰ ਬੰਗਾਲ ਅਤੇ ਅਸਾਮ ਦੇ ਲਿਖਾਰੀ ਆਪਣੀ ਸੰਵੇਦਨਸ਼ੀਲਤਾ ਕਰਕੇ ਸਮੇਂ-ਸਮੇਂ ਇਸ ਨੂੰ ਕਲਮਬੰਦ ਕਰਦੇ ਰਹੇ। ਇਸ ਲੜੀ ਵਿੱਚ ਬੰਗਲਾ ਲੇਖਿਕਾ ਸੁਚਿਤਰਾ ਭੱਟਾਚਾਰੀਆ ਅਤੇ ਅਸਮੀਆਂ ਲੇਖਿਕਾ ਇੰਦਿਰਾ ਗੋਸਵਾਮੀ ਨੇ ਪੰਜਾਬ ਦੇ ਦੁਖਾਂਤ ਨੂੰ ਕਲਮਬੰਦ ਕੀਤਾ।

ਸੁਚਿਤਰਾ ਭੱਟਾਚਾਰੀਆ ਦੀ ਪੁਸਤਕ 'ਪ੍ਰੌਬਾਸ' ਅਤੇ ਇੰਦਿਰਾ ਗੋਸਵਾਮੀ ਦੀ ਪੁਸਤਕ 'ਲਹੂ ਭਿੱਜੇ ਵਰਕੇ' ਇਹਨਾਂ ਦੀਆਂ ਪੁਸਤਕਾਂ ਬਾਰੇ ਅਸੀਂ ਵੇਰਵੇ ਸਹਿਤ ਲਿਖਣ ਦੀ ਕੋਸ਼ਿਸ਼ ਕਰਾਂਗੇ।

ਸੁਚਿਤਰਾ ਭੱਟਾਚਾਰੀਆ ਅਤੇ ਇੰਦਿਰਾ ਗੋਸਵਾਮੀ ਦੀ ਪੁਸਤਕ ਦੇ ਸਰਵਰਕ।